## ਸ਼੍ਰੇਣੀ : ਦੂਜੀ

## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

### ਵਿਸ਼ਾ -ਵਸਤੂ : ਪਹਿਲੀ ਅਤੇ ਦੂਜੀ ਸ਼੍ਰੇਣੀ

ਪਹਿਲੀ ਅਤੇ ਦੂਜੀ ਸ਼੍ਰੇਣੀਆਂ ਵਿੱਚ ਅਧਿਆਪਕ ਦੁਆਰਾ ਬੱਚੇ ਦੇ ਕਰੀਬੀ ਆਲੇ ਦੁਆਲੇ ਵਿੱਚੋਂ ਹੀ ਪਾਠਕ੍ਰਮ ਦੀ ਰਚਨਾ ਕੀਤੀ ਜਾਣੀ ਹੈ। ਇਹਨਾਂ ਸ਼੍ਰੇਣੀਆਂ ਦਾ ਪਾਠ ਕ੍ਰਮ, ਭਾਸ਼ਾ, ਗਣਿਤ ਅਤੇ ਆਰਟ ਅਤੇ ਹੈਲਦੀ ਐਂਡ ਪ੍ਰੋਡਕਟਿਵ ਲਿਵਿੰਗ ਰਾਹੀਂ ਹੀ ਪੜ੍ਹਾਇਆ ਜਾਵੇਗਾ।

**(ੳ) ਬੱਚੇ ਦਾ ਵਾਤਾਵਰਨ**

- ਬੱਚੇ ਦਾ ਕਰੀਬੀ ਵਾਤਾਵਰਨ (ਪਰਿਵਾਰ ਅਤੇ ਘਰ, ਸਕੂਲ ਅਤੇ ਦੋਸਤ, ਜਾਨਵਰ, ਪੌਦੇ ਅਤੇ ਵਸਤਾਂ)
- ਸਥਾਨਕ ਵਾਤਾਵਰਨ ਵਿਚਲੇ ਆਮ ਜਾਨਵਰ, ਪੰਛੀ ਅਤੇ ਪੌਦੇ ।
- ਸਥਾਨਕ ਖੇਤਰ ਦੇ ਭੌਤਿਕੀ ਲੱਛਣ ਜਿਵੇਂ ਬਨਸਪਤੀ, ਜੀਵ-ਜੰਤੂ, ਭੌਂ-ਦ੍ਰਿਸ਼।

**(ਅ) ਵਾਤਾਵਰਨ ਅਤੇ ਬੱਚੇ ਦੀਆਂ ਲੋੜਾਂ**

- ਭੋਜਨ, ਪਾਣੀ, ਰਿਹਾਇਸ਼, ਖੇਡਣ ਅਤੇ ਮੌਜ ਮਸਤੀ ਦੀ ਲੋੜ ।
- ਦੁਰਘਟਨਾਵਾਂ, ਤਿੱਖੀਆਂ ਵਸਤਾਂ ਅਤੇ ਅੱਗ ਤੋਂ ਬਚਾਉ ।

**(ੲ) ਸਫਾਈ ਅਤੇ ਵਾਤਾਵਰਨ ਦੀ ਸੰਭਾਲ**

- ਨਿਜੀ ਸਫਾਈ ਅਤੇ ਚੰਗੀਆਂ ਆਦਤਾਂ।
- ਨਿਜੀ ਚੀਜਾਂ ਨੂੰ ਸਾਫ਼-ਸੁਥਰਾ ਰੱਖਣਾ।
- ਆਲੇ - ਦਆਲੇ ਨੂੰ ਸਾਫ਼ ਰੱਖਣਾ ( ਘਰ, ਖੇਡ ਦਾ ਮੈਦਾਨ, ਕਲਾਸ ਅਤੇ ਸਕੂਲ )
- ਪੌਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨੀ।

**ਉਦਾਹਰਣ ਕਿਰਿਆਵਾਂ :**

ਹੇਠਾਂ ਦਿੱਤੀਆਂ ਕਿਰਿਆਵਾਂ ਸੁਝਾਈਆਂ ਜਾ ਰਹੀਆਂ ਹਨ । ਅਧਿਆਪਕ ਆਪਣੇ ਆਪ, ਆਪਣੇ ਆਲੇ-ਦੁਆਲੇ ਅਤੇ ਬੱਚਿਆਂ ਦੀ ਰੁੱਚੀ ਦੇ ਪੱਧਰ ਅਨੁਸਾਰ ਕਿਰਿਆਵਾਂ ਵਿਉਂਤ ਤੇ ਸਿਰਜ ਸਕਦੇ ਹਨ।

- ਪ੍ਰਾਕਿਰਤੀ ਦੀ ਸੁੰਦਰਤਾ, ਸਮਤਾ, ਇਕਸੁਰਤਾ ਅਤੇ ਵੰਨਸੁਵਨਤਾ ਨੂੰ ਨਿਹਾਰਨ ਦੇ ਅਵਸਰ ਪ੍ਰਦਾਨ ਕਰਨਾ।
- ਬੱਚਿਆਂ ਨੂੰ ਪੌਦਿਆਂ, ਜਾਨਵਰਾਂ, ਵਸਤਾਂ, ਦ੍ਰਿਸ਼ਾ, ਪ੍ਰਸਥਿਤੀਆਂ, ਘਟਨਾਵਾਂ, ਵਾਰਦਾਤਾ ਨੂੰ ਗਹੁ ਨਾਲ਼ ਦੇਖਣ ਲਈ ਪ੍ਰੇਰਿਤ ਕਰਨਾ ।
- ਪ੍ਰਾਕਿਰਤੀ ਨੂੰ ਨਿਹਾਰਨਾ।

- ਰੋਜ਼ਾਨਾ ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਕਹਾਣੀਆਂ ਬਿਆਨ ਕਰਨੀਆਂ ।
- ਚਾਰਟਾਂ, ਤਸਵੀਰਾਂ, ਅੜਾਊਣੀਆਂ (PUZZLE) ਅਤੇ ਕੱਟ- ਆਉਣ ਦੀ ਵਰਤੋਂ ਕਰਨ ਲਈ ਪ੍ਰੋਤਸਾਹਿਤ ਕਰਨਾ।
- ਪੌਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨ ਲਈ ਕਹਿਣਾ।
- ਕਲੇਅ ਮਾਡਲਿੰਗ, ਪੇਪਰ ਕਟਿੰਗ ਅਤੇ ਫੋਲਡਿੰਗ ਵਰਗੀਆਂ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ।
- ਬੱਚਿਆਂ ਦੀ ਆਪਣੀ ਸੰਭਾਲ ਕਰਨ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਵਿੱਚ ਸਹਾਇਤਾ ਕਰਨਾ।
- ਡਰਾਮੇ ਅਯੋਜਿਤ ਕਰਾਉਣੇ ਅਤੇ ਉਹਨਾਂ ਵਿੱਚ ਭੂਮਿਕਾ ਨਿਭਾਉਣੀ ਅਤੇ ਸਾਂਗ ਕਰਵਾਉਂਣੇ।
- ਬੱਚਿਆਂ ਵਿੱਚ ਸਹੀ ਸਿਹਤਮੰਦ ਆਦਤਾਂ ਵਿਕਸਿਤ ਕਰਨੀਆਂ ਅਤੇ ਇਹਨਾਂ ਆਦਤਾਂ ਨੂੰ ਸਮੇਂ-ਸਮੇਂ ਤੇ ਦ੍ਰਿੜਾਉਣਾ।
- ਸਾਧਾਰਨ ਬਹਿਸ ਰਾਹੀਂ ਬਚਿਆਂ ਨਾਲ਼ ਉਹਨਾਂ ਦੇ ਤਜ਼ਰਬੇ ਸਾਂਝੇ ਕਰਨਾ।
- ਪ੍ਰਾਕਿਰਤੀ ਅਤੇ ਵਾਤਾਵਰਨ ਨਾਲ਼ ਜੁੜੀਆ ਖੇਡਾਂ ਕਰਵਾਉਣੀਆਂ।
- ਕਵਿਤਾ-ਗਾਣ ਅਤੇ ਗੀਤ ਗਾਣੇ ਆਯੋਜਿਤ ਕਰਵਾਉਣੇ।
- ਪਾਰਕਾਂ, ਫੁੱਲਾਂ ਦੇ ਬਾਗਾਂ, ਖੇਤਾਂ, ਅਜਾਇਬ ਘਰਾਂ ਦੀ ਸੈਰ ਕਰਵਾਉਣੀ।